# ਕਥੜੀਆ ਸੰਤਾਹ

**ਸਲੋਕ ਡਖਣੇ ਮ: ੫ ॥**

**ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ॥**

**ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ॥੧॥**

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ 'ਮਾਰੂ ਕੀ ਵਾਰ ਮ: ੫' ਵਿਚ, ਇਹ ਤਿੰਨੇ ਸਲੋਕ, ੨੧ਵੀਂ 'ਪਉੜੀ' ਦੇ ਨਾਲ ਅੰਕਤ ਹਨ ਅਤੇ ਅੰਕ ੧੧੦੧ ਤੇ ਸੁਭਾਇਮਾਨ ਹਨ। ਇਸ ਵਾਰ ਵਿਚ ਅੰਕਤ ਸਾਰੇ ਸਲੋਕ ਸ੍ਰੀ ਗੁਰੂ ਅਰਜਨ ਸਾਹਿਬ ਦੇ ਹੀ ਉਚਾਰਣ ਕੀਤੇ ਹੋਏ ਹਨ। ਇਨ੍ਹਾਂ ਦੇ ਸਿਰਲੇਖ ਲਈ 'ਡਖਣੇ' ਸ਼ਬਦ ਵਰਤਿਆ ਗਿਆ ਹੈ ਜੋ ਇਸ ਗਲ ਦਾ ਸੂਚਕ ਹੈ ਕਿ ਇਸ ਦੀ ਭਾਸ਼ਾ ਦਖਣੀ, ਜਾਂ, ਸਿੰਧੀ ਜਾਂ ਲਹਿੰਦੀ, ਭਾਵ, ਮੁਲਤਾਨੀ ਹੈ। ਇਹ ਪੰਜਾਬੀ ਭਾਸ਼ਾ ਦੀ ਹੀ ਉਪ-ਬੋਲੀ ਜਾਂ dialect ਹੈ। ਲਹਿੰਦੀ, ਭਾਵ, ਮੁਲਤਾਨੀ ਭਾਸ਼ਾ ਵਿਚ 'ਦਦੇ' ਦੀ ਥਾਂ ਤੇ 'ਡਡਾ' ਵਰਤਿਆ ਜਾਂਦਾ ਹੈ। ਗੁਰਬਾਣੀ ਵਿਚ ਹੋਰ ਥਾਵਾਂ ਤੇ ਵੀ ਇਹ ਭਾਸ਼ਾ ਵਰਤੀ ਗਈ ਹੈ। ਉਥੇ ਵੀ 'ਦਦੇ' ਦੀ ਥਾਂ 'ਡਡਾ' ਹੀ ਵਰਤਿਆ ਗਿਆ ਹੈ, ਜਿਵੇਂ - 'ਤੂ ਚਉ ਸਜਣ ਮੈਡਿਆ..' ਅਤੇ - 'ਡੁਖੇ ਕੋੜਿ ਨ ਡੁਖ ਨਾਨਕ ਪਿਰੀ ਪਿਖੰਦੋ ਸੁਭ ਦਿਸਟਿ॥', ਆਦਿ।

ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ॥ :

-- ਸ੍ਰੀ ਗੁਰੂ ਅਰਜਨ ਦੇਵ ਸਾਹਿਬ ਇਸ ਸਲੋਕ ਵਿਚ ਫ਼ੁਰਮਾਣ ਕਰਦੇ ਹਨ ਕਿ ਮੇਰੀਆਂ ਅਖੀਆਂ ਮੇਰੇ ਪਿਆਰੇ ਪਤੀ ਪ੍ਰਭੂ/ਗੁਰੂ ਨਾਲ ਲਗ ਗਈਆਂ ਹਨ, ਅਜਿਹੀਆਂ ਲਗੀਆਂ ਹਨ ਕਿ ਉਸ ਦੇ ਦੀਦਾਰ ਕਰ ਕਰ ਕੇ ਤ੍ਰਿਪਤ ਨਹੀਂ ਹੁੰਦੀਆਂ, ਰਜਦੀਆਂ ਹੀ ਨਹੀਂ।

ਪ੍ਰਭੂ ਪਤੀ ਨਾਲ ਅਜਿਹਾ ਡੂੰਘਾ ਪ੍ਰੇਮ ਮਹਾਰਾਜ ਨੇ ਅੰਕ ੩੯੭ ਤੇ ਵੀ ਜ਼ਾਹਰ ਕੀਤਾ ਹੈ ਕਿ 'ਮੇਰਾ ਪਿਆਰਾ ਪਤੀ ਪ੍ਰਭੂ ਮੇਰੇ ਨੈਣਾ ਨੂੰ ਇਤਨਾ ਭਾਅ ਗਿਆ ਹੈ ਕਿ ਮੈਂ ਉਸ ਨੂੰ ਵੇਖ ਕੇ ਮਸਤ ਹੋ ਗਈ ਹਾਂ, ਆਸ਼ਕ ਹੋ ਗਈ ਹਾਂ ਮੋਹਿਤ ਹੋ ਗਈ ਹਾਂ' - 'ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ॥'

ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ॥

-- ਸਿੰਧੀ ਭਾਸ਼ਾ ਵਿਚ 'ਧਣੀ' ਲਫ਼ਜ਼ 'ਪਤੀ' ਜਾਂ 'ਭਰਤਾ' ਜਾਂ 'ਮਾਲਕ' ਲਈ ਵਰਤਿਆ ਜਾਂਦਾ ਹੈ। ਉਹ ਜੋ ਮੇਰਾ ਭਰਤਾ ਸਭ ਵਿਚ ਵਿਆਪਕ ਹੈ, ਉਸ ਵਰਗਾ ਸਰਬ-ਗੁਣ ਭਰਪੂਰ, ਮੈਂ ਹੋਰ ਕੋਈ ਨਹੀਂ ਵੇਖਿਆ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਫ਼ੁਰਮਾਣ ਕੀਤਾ ਹੈ ਕਿ 'ਮੈਨੂੰ ਪ੍ਰਭੂ ਦੇ ਦਰ ਵਰਗਾ ਹੋਰ ਕੋਈ ਦਰ ਨਹੀਂ ਦਿਸਿਆ ਜਿਸਦੇ ਦਰ ਤੋਂ ਮੈਂ ਆਸਰਾ ਮੰਗਾਂ' - 'ਬਿਆ ਦਰੁ ਨਾਹੀ ਕੈ ਦਰਿ ਜਾਉ॥'

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਵੀ ਬਚਨ ਹਨ ਕਿ ਹਰੀ ਪ੍ਰਭੂ ਜਲ ਵਿਚ, ਥਲ ਤੇ ਅਕਾਸ਼ ਸਭ ਪਾਸੇ ਮੌਜੂਦ ਹੈ, ਉਸ ਤੋਂ ਇਲਾਵਾ ਹੋਰ ਕੋਈ ਨਹੀਂ ਹੈ - 'ਹਰਿ ਜਲਿ ਥਲਿ ਮਹੀਅਲਿ ਭਰਪੂਰ ਦੂਜਾ ਨਾਹੀ ਕੋਇ॥', ਪੰਨਾ ੮੯.

**ਮ: ੫ ॥**

**ਕਥੜੀਆ ਸੰਤਾਹ ਤੇ ਸੁਖਾਊ ਪੰਧੀਆ॥**

**ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ॥੨॥**

-- 'ਮਾਰੂ ਕੀ ਵਾਰ ਮ: ੫' ਦੀ ੨੧ਵੀਂ ਪਉੜੀ ਦੇ ਨਾਲ ਦਰਜ ਇਹ ਦੂਜਾ ਸਲੋਕ ਹੈ। ਇਸ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਪਾਵਨ ਉਪਦੇਸ਼ ਦੇ ਰਹੇ ਹਨ ਕਿ ਸੰਤ ਜਨਾਂ ਦੇ ਮੁਖਾਰਬਿੰਦ ਤੋਂ ਨਿਕਲੇ ਅਨਮੋਲ ਬਚਨ, ਬਾਬਾਣੀਆਂ ਕਹਾਣੀਆਂ, ਜੀਵਨ ਦੇ ਪਰਮ ਲਖ਼ਸ਼ ਪ੍ਰਾਪਤੀ ਦੇ ਪੰਧ, ਭਾਵ, ਪਰਮੇਸ਼ਰ ਪ੍ਰਾਪਤੀ ਦੇ ਲਖ਼ਸ਼ ਦੀ ਪ੍ਰਾਪਤੀ ਦੇ ਪੰਧ ਨੂੰ ਸੁਖੈਨ ਬਣਾ ਦਿੰਦੇ ਹਨ। ਇਨ੍ਹਾਂ ਨੂੰ ਹੀ ਗੁਰਬਾਣੀ ਵਿਚ 'ਸੰਤ ਕਾ ਮਾਰਗੁ', ਭਾਵ, 'ਸੰਤ ਦੇ ਬਚਨਾਂ ਦਾ ਮਾਰਗ' ਕਿਹਾ ਗਿਆ ਹੈ।

ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ॥ :

-- ਇਹ ਸੰਤ ਜਨਾਂ ਦੀਆਂ ਕਥੜੀਆ, ਉਨ੍ਹਾਂ ਦੀ ਸੰਗਤਿ ਕਰਦੇ ਹੋਏ ਅਨਮੋਲ ਰੱਬੀ ਬਚਨ, ਸਿਰਫ਼ ਉਨ੍ਹਾਂ ਵਿਰਲੇ ਜਨਾਂ ਨੂੰ ਲਭਦੇ ਹਨ, ਜਿਨ੍ਹਾਂ ਦੇ ਮਥੇ ਤੇ ਅਜਿਹੇ ਭਾਗ, ਧੁਰ ਤੋਂ ਲਿਖੇ ਹੋਣ, ਹਰ ਇਕ ਨੂੰ ਨਹੀਂ। ਇਵ ਸੰਗਤਿ ਕਰਦਿਆਂ, ਸਾਹਮਣੇ ਬੈਠ ਕੇ ਬਚਨ ਸੁਣਨ ਦਾ ਅਨੰਦ ਕੁਝ ਹੋਰ ਹੀ ਹੁੰਦਾ ਹੈ।

ਇਹ 'ਸੰਤ ਕਾ ਮਾਰਗੁ' ਕਿਸੇ ਵਿਰਲੇ ਨੂੰ ਵਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ, ਜਿਵੇਂ ਕਿ ਪੰਚਮ ਪਾਤਸ਼ਾਹ, ੬੨੨ ਅੰਕ ਤੇ ਫ਼ੁਰਮਾਣ ਕਰ ਰਹੇ ਹਨ - 'ਸੰਤੁ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥' ਸ੍ਰੀ ਗੁਰੂ ਰਾਮਦਾਸ ਸਾਹਿਬ, ਅੰਕ ੨੫੫ ਤੇ ਫ਼ੁਰਮਾਣ ਕਰਦੇ ਹਨ ਕਿ ਸੰਤ ਜਨਾਂ ਦੇ ਅੰਮ੍ਰਿਤਮਈ ਬਚਨ ਅਤੇ ਉਨ੍ਹਾਂ ਦੀ ਸੰਗਤਿ ਨਾਲ ਕਾਮ ਕ੍ਰੋਧ ਆਦਿ ਵਿਕਾਰ ਝੱੜ ਜਾਂਦੇ ਹਨ ਪਰ ਇਹ ਅੰਮ੍ਰਿਤਮਈ ਬਚਨ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ - 'ਅੰਮ੍ਰਿਤ ਕਥਾ ਸੰਤ ਸੰਗਿ ਸੁਨੂਆ॥ ਝਰਹਿ ਕਾਮ ਕ੍ਰੋਧ ਦੂਸਟਾਈ॥ ਨਾਨਕ ਜਾ ਕਉ ਕ੍ਰਿਪਾ ਗੁਸਾਈ॥' ਅੰਕ ੯੯੪ ਤੇ ਫ਼ੁਰਮਾਣ ਕਰਦੇ ਹਨ ਕਿ ਮਥੇ ਤੇ ਧੁਰ ਤੋਂ ਲਿਖੇ ਹੋਏ ਲੇਖਾਂ ਵਾਲੇ ਨੂੰ ਹੀ ਮਹਾਂਪੁਰਖ ਗੁਰੂ ਅਤੇ ਉਸਦੇ ਬਚਨ ਪ੍ਰਾਪਤ ਹੁੰਦੇ ਹਨ ਅਤੇ ਉਨ੍ਹਾਂ ਦੇ ਬਚਨਾਂ, ਕਥੜੀਆ ਨਾਲ ਉਸ ਮਨੁਖ ਦੇ ਮਨ ਅਤੇ ਤਨ, ਨਾਮ ਵਿਚ ਰੰਗੇ ਜਾਂਦੇ ਹਨ - 'ਲਿਲਾਟ ਲਿਖੇ ਪਾਇਆ ਗੁਰੁ ਸਾਧੂ ਗੁਰ ਬਚਨੀ ਮਨੁ ਤਨੁ ਰਾਤਾ॥' ਭਗਤ ਕਬੀਰ ਜੀ ਨੇ ਵੀ ਆਪਣੇ ਸਲੋਕਾਂ ਵਿਚ, ਇਸ ਪ੍ਰਥਾਇ ਬਚਨ ਕੀਤੇ ਹਨ ਕਿ ਜਿਸ ਦੇ ਮਸਤਕ ਤੇ ਧੁਰ ਤੋਂ ਹੀ ਲੇਖ ਲਿਖੇ ਹੋਣ, ਉਸੇ ਨੂੰ ਹੀ ਸਾਧੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ ਅਤੇ ਫ਼ਲਸਰੂਪ ਮੁਕਤੀ ਪ੍ਰਾਪਤ ਕਰਣ ਦੇ ਔਖੇ ਰਾਹ ਤੇ ਕੋਈ ਰੁਕਾਵਟ ਨਹੀਂ ਆਉਂਦੀ - 'ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ॥ ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ॥੨੩੧॥'

**ਮ: ੫ ॥**

**ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ॥**
**ਪਾਤਾਲਾ ਆਕਾਸ ਪੂਰਨੁ ਹਭ ਘਟਾ॥**
**ਨਾਨਕ ਪੇਖਿ ਜੀਓ ਇਕਤੁ ਸੂਤਿ ਪਰੋਤੀਆ॥੩॥**

-- ਇਹ ਤੀਜਾ ਸਲੋਕ ਹੈ। ਸਮੂਹ ਸ੍ਰਿਸ਼ਟੀਆਂ ਦੀਆਂ ਸਭ ਧਰਤੀਆਂ ਤੇ ਡੂੰਗਰ, ਭਾਵ ਪਹਾੜਾਂ, (ਜਲਾ) ਸਮੁੰਦਰਾਂ ਆਦਿ ਪਾਣੀਆਂ, (ਥੱਲਾ) ਮਰੁਥਲਾਂ, (ਭੂਮਿ) ਹੋਰ ਧਰਤੀਆਂ, ਜੰਗਲਾਂ, ਫ਼ਲ-ਫੁਲਾਂ, (ਕੰਦਰਾਂ) ਪਾਣੀ ਦੇ ਵਹਾਅ ਕਾਰਣ ਬਣੀਆਂ ਗੁਫ਼ਾਵਾਂ ਆਦਿ ਵਿਚ... -

ਪਾਤਾਲਾ ਆਕਾਸ ਪੂਰਨੁ ਹਭ ਘਟਾ॥ :

-- ...ਪਤਾਲਾਂ, ਅਕਾਸ਼ਾਂ ਵਿਚ, ਹਰ ਪਿੰਡ (ਸਰੀਰ) body ਵਿਚ ਉਹ ਪਰਮੇਸ਼ਰ ਪੂਰਨ ਤੌਰ ਤੇ ਵਿਦਮਾਨ ਹੈ, ਵਿਆਪਕ ਹੈ। ਪਿੰਡ, bodies ਦਾ ਅਰਥ ਹਰ ਜੀਵ ਦਾ ਸਰੀਰ, ਸਾਰੀ space ਵਿਚ, ਸਾਰੇ ਬ੍ਰਹਿਮੰਡ ਦੇ ਸਾਰੇ ਸੂਰਜ, ਤਾਰੇ, ਨਖ੍ਯ਼ਤਰ, galaxies, solar systems, earths, ਧਰਤੀਆਂ, ਗ੍ਰਹਿ, ਉਪਗ੍ਰਹਿ ਆਦਿ ਵਿਚ...

ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਸ਼ਾਹਕਾਰ 'ਜਪੁ' ਬਾਣੀ ਦੀ ੧੬ਵੀਂ ਪਉੜੀ ਵਿਚ 'ਦਰੀਆਉ' ਸ਼ਬਦ galaxies, ਅਨੇਕਾਂ ਅਕਾਸ਼-ਗੰਗਾਂ ਲਈ ਵਰਤਿਆ ਹੈ - 'ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥' ਇਥੇ ਪੰਜਵ ਪਾਤਸ਼ਾਹ ਨੇ ਵੀ ਇਸੇ ਤਰ੍ਹਾਂ ਸਾਰੀ ਕਾਇਨਾਤ, cosmos ਦੇ ਪਿੰਡਾਂ, bodies ਦੀ ਗਲ ਕੀਤੀ ਹੈ।

ਚੌਥੇ ਪਾਤਸ਼ਾਹ ਇਸੇ ਤਰ੍ਹਾਂ ਹੀ ਸੁੰਦਰ ਬਚਨ ਕਰਦੇ ਹਨ - 'ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰ ਬਸਤਾ ਮੈ ਹਰਿ ਦੇਖਨ ਕੋ ਚਾਉ॥'

ਨਾਨਕ ਪੇਖਿ ਜੀਓ ਇਕਤੁ ਸੂਤਿ ਪਰੋਤੀਆ॥ :

-- ...ਪੰਜਵੇਂ ਨਾਨਕ, ਹਰ ਤਰਫ਼, ਉਸ ਨੂੰ ਇਕੋ ਸੂਤ ਵਿਚ, ਇਕ ਰਸ ਪਰੋਇਆ ਵੇਖ ਵੇਖ ਕੇ ਜੀਊਂਦੇ ਹਨ, ਖ਼ੁਸ਼ ਹੁੰਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਮਲਾਰ ਰਾਗ ਵਿਚ ਫ਼ੁਰਮਾਉਂਦੇ ਹਨ ਕਿ ਮੈਂ ਵੇਖਦਾ ਹਾਂ ਕਿ ਉਹ ਪ੍ਰਭੂ ਹਰ ਪਾਸੇ, ਜਲ ਵਿਚ ਵੀ, ਥਲ ਤੇ ਵੀ, ਪਹਾੜਾਂ ਤੇ, ਨਦੀਆਂ ਅਤੇ ਕਿਨਾਰਿਆਂ ਤੇ ਵੀ, ਹਰ ਥਾਂ ਤੇ, ਹਰ ਥਾਂ ਵਿਚ ਉਹ ਬਲੀ, ਸਰਬ-ਸ਼ਕਤੀਮਾਨ ਸਾਹਿਬ ਮੌਜੂਦ ਹੈ - 'ਜਲਿ ਥਲਿ ਡੂੰਗਰਿ ਦੇਖਾਂ ਤੀਰ॥ ਥਾਨ ਥਨੰਤਰਿ ਸਾਹਿਬੁ ਬੀਰ॥', ਅੰਕ ੧੨੧੭.

ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਉਸ ਨੇ ਸਾਰੀ ਕਾਇਨਾਤ ਨੂੰ ਇਕੋ ਹੁਕਮ ਰੂਪ ਧਾਗੇ ਵਿਚ ਪਰੋ ਰਖਿਆ ਹੈ - 'ਸਭ ਪਰੋਈ ਇਕਤੁ ਧਾਗੈ॥' ਹੋਰ ਵੀ ਇੰਵ ਹੀ ਬਚਨ ਕਰਦੇ ਹਨ ਕਿ 'ਹੇ ਸਤਿਗੁਰੂ ! ਤੇਰੇ ਦਰਸ਼ਨਾਂ ਦੇ ਨਾਲ ਮੇਰਾ ਮਨ ਖਿੜ ਉਠਦਾ ਹੈ ਅਤੇ ਤੁਹਾਡੇ ਅੰਮ੍ਰਿਤਮਈ ਬਚਨ ਸੁਣ ਕੇ ਮਨ ਤਨ ਠਰ ਜਾਂਦਾ ਹੈ, ਪੂਰਨ ਸੰਤੁਸ਼ਟ ਹੋ ਜਾਂਦਾ ਹੈ, ਖੇੜੇ ਵਿਚ ਆ ਜਾਂਦਾ ਹੈ' - 'ਦਰਸਨੁ ਪੇਖਤ ਮੈ ਜੀਓ॥ ਸੁਨਿ ਕਰਿ ਬਚਨ ਤੁਮ੍ਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ॥' ਗੂਜਰੀ ਰਾਗ ਵਿਚ ਬਚਨ ਕਰਦੇ ਹਨ ਕਿ ਪ੍ਰਭੂ ਨੇ ਸਾਰੀ ਕਾਇਨਾਤ ਨੂੰ ਆਪਣੇ ਹੁਕਮ ਰੂਪ ਧਾਗੇ ਵਿਚ ਪਰੋਇਆ ਹੋਇਆ ਹੈ, ਸਭ ਵਿਚ ਉਸ ਨੇ ਆਪਣੀ ਹੀ ਜੋਤਿ, ਜੀਵਨ ਸੱਤਾ ਰਖੀ ਹੋਈ ਹੈ। ਉਸ ਦੇ ਹੁਕਮ ਅੰਦਰ ਹੀ ਜੀਵ ਭਵਜਲ ਸੰਸਾਰ ਸਾਗਰ ਵਿਚ ਫ਼ਸਿਆ ਰਹਿੰਦਾ ਹੈ, ਉਸ ਦੇ ਹੁਕਮ ਅੰਦਰ ਹੀ ਇਸ ਸਾਗਰ ਤੋਂ ਤਾਰ ਦਿੰਦਾ ਹੈ - 'ਇਕਤੁ ਸੂਤਿ ਪਰੋਇ ਜੋਤਿ ਸੰਸਾਰੀਐ॥ ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ॥', ਅੰਕ ੫੧੮.

